# ਤੁਹਾਡੀ ਪ੍ਰਾਪਰਟੀ ਉੱਪਰ ਰਿੱਛਾਂ ਦਾ ਆਉਣਾ

## ਕਾਸ਼ਤਕਾਰਾਂ ਲਈ ਇਕ ਗਾਈਡ

## ਮਦਦ ਅਤੇ ਸੋਮੇਂ

**BC Ministry of Environment**, Conservation Officer Service, Wildlife–Human Interactions, Bears. www.env.gov.bc.ca/cos/info/wildlife_human_interaction/docs/bears.html

**Bear Smart Society**
www.bearsmart.com/bearSmartCommunities/ ਕਲਿੱਕ ਕਰ "Protecting Livestock & Crops".

ਜੰਗਲੀ ਜਾਨਵਰ ਜਿਹੜੇ ਜਨਤਕ ਸੁਰੱਖਿਆ ਲਈ ਖਤਰਾ ਬਣਦੇ ਹੋਣ ਉਨ੍ਹਾਂ ਦੀ ਰਿਪੋਰਟ ਕਰਨ ਲਈ 1-877-952-7277 (RAPP) ਜਾਂ TELUS Mobility Network ਨੂੰ ਫੋਨ ਕਰੋ।

**R & S Powerfence**
645 Main Street, Penticton
250-492-7090 www.powerfence.ca

**Margo Supplies Ltd.**
1-888-652-1199
www.margosupplies.com

ਫੰਡਿੰਗ ਮੁਹੱਈਆ ਕੀਤੀ



## ਤੁਹਾਡੀ ਪ੍ਰਾਪਰਟੀ ਉੱਪਰ ਰਿੱਛਾਂ ਦਾ ਆਉਂਣਾ

ਬਹੁਤੇ ਕਾਸ਼ਤਕਾਰ ਆਪਣੀ ਪ੍ਰਾਪਰਟੀ ਵਿਚੋਂ ਦੀ ਰਿੱਛਾਂ ਦੇ ਲੰਘਣ ਜਾਂ ਆਪਣੇ ਬਾਗ ਜਾਂ ਵਾਈਨਯਾਰਡ 'ਚ ਕਦੇ ਕਦੇ ਰਾਤ ਵੇਲੇ ਰਿੱਛਾਂ ਦੇ ਆ ਜਾਣ ਨੂੰ ਸਹਿਣ ਕਰ ਲੈਂਦੇ ਹਨ। ਫਿਕਰ ਦੀ ਗੱਲ ਉਦੋਂ ਹੁੰਦੀ ਹੈ ਜਦੋਂ ਰਿੱਛ ਬਾਰ ਬਾਰ ਆਉਂਦੇ ਹਨ ਅਤੇ ਭੋਜਨ ਬਾਰੇ ਆਪਣੀ ਭਾਲ 'ਚ ਬੜੇ ਹੌਂਸਲੇਪੂਰਨ ਹੋ ਜਾਂਦੇ ਹਨ। ਸੀਜ਼ਨ ਦੇ ਦੌਰਾਨ ਕੰਜ਼ਰਵੇਸ਼ਨ ਅਸਫਰ (COs) ਰਿੱਛਾਂ ਬਾਰੇ ਹਜ਼ਾਰਾਂ ਟੈਲੀਫੋਨ ਕਾਲਾਂ ਦਾ ਜਵਾਬ ਦਿੰਦੇ ਹਨ। ਇੰਨ੍ਹਾਂ 'ਚੋਂ ਬਹੁਤੀਆਂ ਸਮੱਸਿਆਵਾਂ ਉਦੋਂ ਸ਼ੁਰੂ ਹੁੰਦੀਆਂ ਹਨ ਜਦੋਂ ਭੋਜਨ ਦੇ ਗੈਰ-ਕੁਦਰਤੀ ਸੋਮਿਆਂ ਤੱਕ ਰਿੱਛਾਂ ਦੀ ਪਹੁੰਚ ਸੌਖੀ ਹੁੰਦੀ ਹੈ। ਮਾੜੀ ਕਿਸਮਤ ਨੂੰ, ਕਿਉਂਕਿ ਕਾਬੂ ਪਾਉਂਣ ਦੇ ਬਦਲਵੇਂ ਢੰਗ ਕੇਵਲ ਕੁਝ ਕੁ ਹੀ ਹਨ ਇਸ ਲਈ ਕੰਜ਼ਰਵੇਟਿਵ ਅਫਸਰਾਂ ਨੂੰ ਅਕਸਰ "ਸਮੱਸਿਆਵਾਂ" ਬਣ ਗਏ ਰਿੱਛਾਂ ਨੂੰ ਮਾਰ ਦੇਣ ਲਈ ਮਜ਼ਬੂਰ ਹੋਣਾ ਪੈਂਦਾ ਹੈ।

## "ਸਮੱਸਿਆ" ਬਣ ਗਏ ਰਿੱਛ ਬੀ.ਸੀ. ਦੇ ਟੈਕਸ ਦੇਣ ਵਾਲਿਆਂ 'ਤੇ ਵੱਡਾ ਖਰਚਾ ਪਾਉਂਦੇ ਹਨ

ਹਰੇਕ ਸਾਲ 1 ਮਿਲੀਅਨ ਡਾਲਰ ਨਾਲੋਂ ਵਧੇਰੇ ਪੈਸਾ ਰਿੱਛਾਂ ਨਾਲ ਸਬੰਧਤ ਸ਼ਿਕਾਇਤਾਂ ਨਾਲ ਨਿਪਟਦਿਆਂ ਰਿੱਛਾਂ ਨੂੰ ਹੋਰ ਕਿਧਰੇ ਛੱਡਣ ਜਾਂ ਖਤਮ ਕਰਨ ਲਈ ਖਰਚਿਆ ਜਾਂਦਾ ਹੈ। ਪ੍ਰਾਪਰਟੀ ਦਾ ਨੁਕਸਾਨ ਅਤੇ ਖੇਤੀਬਾੜੀ ਦੇ ਘਾਟਿਆਂ ਦਾ ਅਨੁਮਾਨ ਹਰੇਕ ਸਾਲ 'ਚ ਲੱਖਾਂ ਡਾਲਰਾਂ ਤੱਕ ਪਹੁੰਚ ਜਾਂਦਾ ਹੈ।

**ਰਿੱਛਾਂ ਨੂੰ ਖੇਤੀਬਾੜੀ ਭੋਜਨ ਸੋਮਿਆਂ ਦੇ ਆਦੀ ਹੋਣ ਅਤੇ ਸਮੱਸਿਆ ਬਣ ਜਾਣ ਤੋਂ ਰੋਕਣ ਲਈ ਸਭ ਤੋਂ ਵਧੀਆ ਤਰੀਕਾ ਰਿੱਛਾਂ ਨੂੰ ਖਿੱਚ ਪਾਉਣ ਵਾਲੀਆਂ ਵਸਤਾਂ ਤੋਂ ਛੁਟਕਾਰਾ ਪਾਉਣਾ ਹੈ।**

## ਰਿੱਛਾਂ ਨੂੰ ਦੂਰ ਰੱਖਣ 'ਚ ਆਪਣੀ ਵੱਧ ਤੋਂ ਵੱਧ ਕੋਸ਼ਿਸ਼ ਕਰ

- ਰਿੱਛਾਂ ਨੂੰ ਖਿੱਚਣ ਵਾਲੀਆਂ ਚੀਜ਼ਾਂ, ਜਿਵੇਂ ਗਾਰਬੇਜ਼, ਪਸ਼ੂਆਂ ਦੇ ਭੋਜਨ ਜਾਂ ਕੰਪੋਸਟ ਦੇ ਢੇਰਾਂ ਦੀ ਪਛਾਣ ਕਰੋ ਅਤੇ ਉਨ੍ਹਾਂ ਨੂੰ ਘਟਾਉ।
- ਗੁਆਂਢ ਵਾਲੀ ਪ੍ਰਾਪਰਟੀ ਦੇ ਮਾਲਕਾਂ ਨਾਲ ਇਹ ਯਕੀਨੀ ਬਣਾਉਂਣ ਲਈ ਗੱਲ ਕਰੋ ਕਿ ਸਾਰੇ ਜਣੇ ਰਿੱਛਾਂ ਨੂੰ ਖਿੱਚਣ ਵਾਲੀਆਂ ਚੀਜ਼ਾਂ ਨੂੰ ਘਟਾਉਂਣ।
- ਪਾਲਤੂ ਜਾਨਵਰਾਂ ਜਾਂ ਮਾਲ ਡੰਗਰਾਂ ਦਾ ਭੋਜਨ ਅੰਦਰਵਾਰ ਜਾਂ ਹਵਾ-ਬੰਦ ਸੁਰੱਖਿਅਤ ਕੰਟੇਨਰਾਂ 'ਚ ਰੱਖੋ।
- ਗਾਰਬੇਜ਼ ਚੁੱਕੇ ਜਾਣ ਦੇ ਸਮੇਂ ਤੱਕ ਘਰੇਲੂ ਅਤੇ ਕੰਮ ਵਾਲੀ ਥਾਂ ਦੇ ਗਾਰਬੇਜ਼ ਨੂੰ ਅੰਦਰਵਾਰ ਰੱਖੋ।
- ਕੰਪੋਸਟ ਦੇ ਢੇਰ ਪ੍ਰਾਕਿਰਤਕ ਖੇਤਰਾਂ ਅਤੇ ਰਿੱਛਾਂ ਦੁਆਰਾ ਵਰਤੇ ਜਾਂਦੇ ਲਾਂਘਿਆਂ ਤੋਂ ਪਰ੍ਹਾਂ ਲਗਾਉ। ਕੰਪੋਸਟ ਅਤੇ ਖਰਾਬ ਹੋ ਗਏ ਫਲਾਂ ਨੂੰ ਦੱਬ ਦਿਉ ਅਤੇ ਮੁਸ਼ਕ ਨੂੰ ਢੱਕਣ ਲਈ ਚੂਨੇ ਦੀ ਵਰਤੋ ਕਰੋ।
- ਹਵਾ ਨਾਲ ਝੜਨ ਵਾਲੇ ਅਤੇ ਖਰਾਬ ਹੋਏ ਫਲਾਂ ਨੂੰ ਬਾਕਾਇਦਾ ਚੁਗਦੇ ਅਤੇ ਦਬਾਉਂਦੇ ਰਹੋ।
- ਤੋੜੇ/ਚੁਗੇ ਗਏ ਫਲਾਂ ਨੂੰ ਸੁਰੱਖਿਅਤ ਥਾਵਾਂ 'ਤੇ ਸਟੋਰ ਕਰੋ।

## ਜੇਕਰ ਰਿੱਛ ਬਾਰ ਬਾਰ ਆਉਂਣ ਲੱਗ ਜਾਣ ਤਾਂ ਸੁਰੱਖਿਆ ਵਾਸਤੇ ਨੁਕਤ

- ਰਿੱਛਾਂ ਦੇ ਨਿਸ਼ਾਨਾਂ ਨੂੰ ਵਾਚੋ ਅਤੇ ਰਿੱਛ ਦੀ ਮੌਜੂਦਗੀ ਬਾਰੇ ਵਰਕਰਾਂ ਅਤੇ ਮਾਲਕਾਂ ਨੂੰ ਸੁਚੇਤ ਕਰੋ। ਵਰਕਰਾਂ ਨੂੰ ਰਿੱਛਾਂ ਨੂੰ ਸ਼ੋਰ ਕਰਨ ਵਾਲੇ ਸਾਧਨਾਂ ਨਾਲ ਭਜਾਉਂਣ ਲਈ ਉਤਸ਼ਾਹਿਤ ਕਰੋ ਅਤੇ ਬਾਰ ਬਾਰ ਉੱਠਦੀਆਂ ਸਮੱਸਿਆਵਾਂ ਬਾਰੇ ਮੈਨੇਜਰਾਂ ਨੂੰ ਦੱਸੋ।
- ਕੰਮ ਦੇ ਦਿਨ ਦੇ ਸ਼ੁਰੂ 'ਚ ਰਿੱਛਾਂ ਬਾਰੇ ਚੈੱਕ ਕਰਨ ਵਾਸਤੇ ਆਪਣੀ ਪ੍ਰਾਪਰਟੀ ਦੇ ਆਲੇ ਦੁਆਲਿਉਂ ਦੀ ਚੱਕਰ ਮਾਰੋ। ਚੱਕਰ ਲਗਾਉਂਣ ਵੇਲੇ ਕਿਸੇ ਗੱਡੀ ਦੀ ਵਰਤੋਂ ਕਰੋ ਜਾਂ ਸ਼ੋਰ ਕਰਦੇ ਰਹੋ।
- ਕੰਮ ਕਰਦਿਆਂ ਹੋਇਆਂ ਸ਼ੋਰ ਕਰਦੇ ਜਾਂ ਰੇਡੀਓ ਲਗਾ ਕੇ ਰੱਖੋ ਅਤੇ ਉਸ ਏਰੀਏ 'ਚ ਕੰਮ ਨਾ ਕਰੋ ਜਿਥੇ ਰਿੱਛ ਮੌਜੂਦ ਹੋਣ।
- ਜੇਕਰ ਤੁਹਾਨੂੰ ਉਸ ਥਾਂ 'ਤੇ ਜ਼ਰੂਰ ਹੀ ਕੰਮ ਕਰਨਾਂ ਪਵੇ ਜਿੱਥੇ ਰਿੱਛ ਮੌਜੂਦ ਹੋਣ ਤਾਂ ਕਿਸੇ ਖੁੱਲ੍ਹੀ ਛੱਡੀ ਗੱਡੀ ਦੇ ਨੇੜੇ ਰਹੋ ਅਤੇ ਸੈੱਲ ਫੋਨ ਕੋਲ ਰੱਖੋ।
- ਰਿੱਛਾਂ 'ਤੇ ਕਰਨ ਵਾਲਾ ਸਪੇਰਅ ਨਾਲ ਰੱਖੋ ਅਤੇ ਪਤਾ ਰੱਖੋ ਕਿ ਇਸਨੂੰ ਕਿਵੇਂ ਵਰਤਣਾ ਹੈ। ਆਪਣੀ ਗੱਡੀ ਜਾਂ ਏ ਟੀ ਵੀ 'ਚ ਹਵਾ ਨਾਲ ਵੱਜਣ ਵਾਲਾ ਹਾਰਨ ਰੱਖੋ।

## ਡਰਾਉਂਣ ਦੇ ਢੰਗ ਤਰੀਕੇ

ਸ਼ੋਰ, ਭਜਾਉਂਣ ਅਤੇ ਡਰਾਉਂਣ ਵਾਲੇ ਸਾਧਨ ਤਾਂ ਹੀ ਚੰਗੇ ਕਾਰਗਰ ਹੁੰਦੇ ਹਨ ਜੇਕਰ ਉਹ ਰਿੱਛ ਦੇ ਰੋਜ਼ ਰੋਜ਼ ਆਉਂਣ ਦੇ ਆਦੀ ਹੋਣ ਤੋਂ ਪਹਿਲਾਂ ਵਰਤੇ ਜਾਣ। ਸ਼ੋਰ ਪਾਉਂਣਾ, ਕੁੱਤੇ ਭੌਂਕਣਾ, ਗੱਡੀਆਂ ਦੇ ਹਾਰਨ ਅਤੇ ਉੱਚੀ ਆਵਾਜ਼ 'ਚ ਰੇਡੀਓ ਰਿੱਛਾਂ ਨੂੰ ਡਰਾਉਂਣ ਭਜਾਉਂਣ ਲਈ ਬੜੇ ਕਾਰਗਰ ਹੋ ਸਕਦੇ ਹਨ। ਹਵਾ ਨਾਲ ਵੱਜਣ ਵਾਲੇ ਹਾਰਨ "ਬੇਅਰ ਬੈਂਗਰ" ਅਤੇ ਪ੍ਰੋਪੇਨ ਵਾਲੀਆਂ ਤੋਪਾਂ ਵਧੇਰੇ ਕਾਰਗਰ ਹਨ ਪਰੰਤੂ ਇਹ ਜ਼ਰੂਰ ਸਾਵਧਾਨੀ ਨਾਲ ਵਰਤੇ ਜਾਣੇ ਚਾਹੀਦੇ ਹਨ। ਖੇਤੀਬਾੜੀ ਦੀ ਸਪਲਾਈ ਵਾਲੇ ਸਟੋਰਾਂ 'ਤੇ ਜਾਂ ਆਨਲਾਈਨ www.margosupplies.com 'ਤੇ ਕਈ ਪ੍ਰਕਾਰ ਦੇ ਡਰਾਉਂਣ ਵਾਲੇ ਇਲੈਕਟ੍ਰਾਨਿਕ ਸੰਦ ਉਪਲਬਧ ਹਨ।

## ਕਾਬੂ ਪਾਉਂਣ ਦੇ ਵਿਕਲਪ

### ਵਾੜ ਕਰਨੀ

ਖੇਤੀਬਾੜੀ ਵਾਲੀਆਂ ਉਨ੍ਹਾਂ ਪ੍ਰਾਪਰਟੀਆਂ 'ਤੇ ਜਿੱਥੇ ਰਿੱਛ ਅਕਸਰ ਆਉਂਦੇ ਅਤੇ/ਜਾਂ ਗੰਭੀਰ ਕਿਸਮ ਦਾ ਨੁਕਸਾਨ ਕਰਦੇ ਹਨ ਉਥੇ ਕੰਜ਼ਰਵੇਸ਼ਨ ਅਫਸਰ ਰਿੱਛਾਂ ਨੂੰ ਦੂਰ ਰੱਖਣ ਲਈ ਬਿਜਲੀ ਵਾਲੀ ਵਾੜ ਲਗਾਉਂਣ ਦੀ ਸਿਫਾਰਸ਼ ਕਰਦੇ ਹਨ। ਵਾੜ ਦੇ ਨਵੇਂ ਡਿਜ਼ਾਈਨਾਂ, ਸਮੇਤ ਬਿਜਲੀ ਵਾਲੀ ਪੋਰਟੇਬਲ ਵਾੜ, ਨੇ ਬਿਜਲੀ ਵਾਲੀਆਂ ਵਾੜਾਂ ਦੇ ਖੇਤਰ 'ਚ ਵੱਡੀ ਤਬਦੀਲੀ ਲਿਆਂਦੀ ਹੈ। ਇਸਦਾ ਖਰਚਾ ਸਾਈਜ਼, ਲੰਬਾਈ ਅਤੇ ਸਮੱਗਰੀ ਦੀ ਚੋਣ 'ਤੇ ਨਿਰਭਰ ਕਰਦਾ ਹੈ ਅਤੇ ਇਹ ਹਿਰਨਾਂ ਵਾਲੀ ਬਿਜਲੀ-ਰਹਿਤ ਵਾੜ ਨਾਲੋਂ ਸਸਤਾ ਹੋ ਸਕਦਾ ਹੈ। ਜਾਲੀਦਾਰ ਤਾਰ ਦੀ "ਹਿਰਨਾਂ ਵਾਲੀ ਵਾੜ" ਜੋ ਘੱਟੋ ਘੱਟ 1.7 ਮੀ ਜਾਂ 5 □ ਫੁੱਟ ਉੱਚੀ ਹੋਵੇ ਉਹ ਬਹੁਤੇ ਜਾਨਵਰਾਂ ਨੂੰ ਰੋਕ ਸਕਦੀ ਹੋਵੇਗੀ। ਬਿਜਲੀ ਵਾਲੀ ਵਾੜ ਅਕਸਰ ਮੌਜੂਦਾ ਵਾੜ ਦੇ ਨਾਲ ਲਗਾਈ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ R & S Powerfence, Penticton. ਨੂੰ 250-492-7090, 'ਤੇ ਸੰਪਰਕ ਕਰੋ ਜਾਂ www.powerfence.ca 'ਤੇ ਜਾ ਕੇ ਵੇਖੋ।

### ਟਕਰਾਉ ਵੇਲੇ ਜਵਾਬੀ ਕਾਰਵਾਈ

ਜੇਕਰ ਕੋਈ ਰਿੱਛ ਜ਼ਿੱਦੀ ਹੈ ਅਤੇ ਮੁੜ ਮੁੜ ਆਉਂਣਾ ਜਾਰੀ ਰੱਖਦਾ ਹੈ ਤੇ ਵਰਕਰਾਂ ਦੀ ਸੁਰੱਖਿਆ ਲਈ ਖਤਰਾ ਬਣਦਾ ਹੈ, ਜਾਂ ਜੇਕਰ ਰਿੱਛ ਹਮਲਾਵਾਰੀ ਢੰਗ ਨਾਲ ਵਿਹਾਰ ਕਰਦਾ ਹੈ ਤਾਂ **Conservation Officer Service RAPP line** ਨੂੰ ਜਾਂ **Telus mobility cell # 7277** 'ਤੇ ਫੋਨ ਕਰੋ।

ਖੇਤ ਮਾਲਕ ਸ਼ਿਕਾਰਖੋਰ ਜਾਨਵਰਾਂ 'ਤੇ ਕਾਬੂ ਪਾਉਂਣ ਲਈ ਸ਼ਿਕਾਰ ਕਰਨ ਦੇ ਮੌਜੂਦਾ ਸੀਜ਼ਨਾਂ ਦੀ ਵਰਤੋਂ ਕਰ ਸਕਦੇ ਹਨ ਪਰੰਤੂ ਉਨ੍ਹਾਂ ਨੂੰ ਉਨ੍ਹਾਂ ਦੇ ਏਰੀਏ 'ਚ ਸ਼ਿਕਾਰ ਕਰਨ ਅਤੇ ਹਥਿਆਰ ਚਲਾਉਂਣ ਨਾਲ ਸਬੰਧਤ ਸਾਰੇ ਫੈਡਰਲ, ਸੂਬਾਈ ਅਤੇ ਮਿਉਂਸਿਪਲ ਰੈਗੂਲੇਸ਼ਨਾਂ ਦਾ ਜ਼ਰੂਰੀ ਤੌਰ 'ਤੇ ਪਾਲਣ ਕਰਨਾਂ ਪਵੇਗਾ। The Wildlife Act ਖੇਤੀਬਾੜੀ ਵਾਲੀਆਂ ਪ੍ਰਾਪਰਟੀਆਂ ਦੇ ਮਾਲਕਾਂ ਨੂੰ ਉਨ੍ਹਾਂ ਜੰਗਲੀ ਜਾਨਵਰਾਂ ਨੂੰ ਖਤਮ ਕਰਨ ਦੀ ਆਗਿਆ ਨਹੀਂ ਦਿੰਦਾ ਜਿਹੜੇ ਫਸਲਾਂ ਦਾ ਨੁਕਸਾਨ ਕਰਦੇ ਜਾਂ ਉਨ੍ਹਾਂ ਨੂੰ ਖਾਂਦੇ ਹੋਣ।

ਜੇਕਰ ਉਸ ਵੇਲੇ ਕਾਨੂੰਨੀ ਤੌਰ 'ਤੇ ਸ਼ਿਕਾਰ ਕਰਨ ਦਾ ਸੀਜ਼ਨ ਹੋਵੇ ਜਦੋਂ ਫਸਲਾਂ ਦਾ ਨੁਕਸਾਨ ਹੋਣਾ ਵਾਪਰ ਰਿਹਾ ਹੋਵੇ ਤਾਂ ਸਮੱਸਿਆ ਬਣਦੇ ਰਿੱਛਾਂ ਨੂੰ ਖਤਮ ਕਰਨ ਲਈ ਸਥਾਨਕ ਸ਼ਿਕਾਰੀਆਂ ਨਾਲ ਸੰਪਰਕ ਕਰਨ ਦਾ ਵਿਕਲਪ ਮੌਜੂਦ ਹੈ।

SOUTH OKANAGAN-SIMILKAMEEN BEAR SMART PROJECT